# ਦੀਵਾਲੀ ਅਤੇ ਨਵੇਂ ਸਾਲ ਲਈ, ਔਨਲਾਈਨ ਪਟਾਕਾ ਵਿਕਰੇਤਾ ਟ੍ਰੇਨਿੰਗ ਸ਼ੁਰੂ ਹੋ ਗਈ ਹੈ

ਬ੍ਰੈਂਪਟਨ, ਓਨਟੈਰੀਓ (6 ਅਕਤੂਬਰ, 2020) – ਸਿਟੀ ਆਫ ਬ੍ਰੈਂਪਟਨ ਨੇ ਉਹਨਾਂ ਵਿਕਰੇਤਾਵਾਂ ਲਈ ਆਪਣੀ ਔਨਲਾਈਨ ਟ੍ਰੇਨਿੰਗ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ, ਜਿਹਨਾਂ ਦੀ ਇਸ ਸਾਲ ਦੀਵਾਲੀ ਅਤੇ ਨਵੇਂ ਸਾਲ ਲਈ ਪਟਾਕੇ ਵੇਚਣ ਦੀ ਯੋਜਨਾ ਹੈ।

ਵਿਕਰੇਤਾਵਾਂ ਨੂੰ ਪਟਾਕੇ ਵੇਚਣ ਦਾ ਲਾਇਸੈਂਸ ਦਿੱਤੇ ਜਾਣ ਤੋਂ ਪਹਿਲਾਂ, ਉਹਨਾਂ ਲਈ ਟ੍ਰੇਨਿੰਗ ਲਾਜ਼ਮੀ ਹੈ ਅਤੇ ਇਸ ਕੋਰਸ ਨੂੰ ਪੂਰਾ ਕਰਨਾ ਜ਼ਰੂਰੀ ਹੈ।

ਕੋਰਸ ਵਾਸਤੇ ਰਜਿਸਟਰ ਕਰਨ ਲਈ ਵਿਕਰੇਤਾ, ਬ੍ਰੈਂਪਟਨ ਫਾਇਰ ਪ੍ਰੀਵੈਨਸ਼ਨ (Brampton Fire Prevention) ਡਿਵੀਜਨ ਨੂੰ 905.874.2740 ਤੇ ਫੋਨ ਕਰ ਸਕਦੇ ਹਨ ਜਾਂ fire.prevention@brampton.ca ਤੇ ਈਮੇਲ ਕਰ ਸਕਦੇ ਹਨ ਅਤੇ ਕੋਰਸ ਦੇ ਵੇਰਵੇ, ਬਿਨੈਕਾਰ ਨੂੰ ਈਮੇਲ ਕਰ ਦਿੱਤੇ ਜਾਣਗੇ।

ਕੋਵਿਡ-19 (COVID-19) ਦੇ ਕਾਰਨ ਲਾਗੂ ਸਿਹਤ ਅਤੇ ਸੁਰੱਖਿਆ ਸਬੰਧੀ ਪਾਬੰਦੀਆਂ ਦੇ ਕਾਰਨ, ਟ੍ਰੇਨਿੰਗ ਪੰਜ ਅਸਾਨ ਪੜਾਵਾਂ ਵਿੱਚ, ਔਨਲਾਈਨ ਫੌਰਮੈਟ ਵਿੱਚ ਪ੍ਰਦਾਨ ਕੀਤੀ ਜਾਵੇਗੀ:

1. 2020 ਫਾਇਰਵਰਕਸ ਰਿਟੇਲਰ (2020 Fireworks Retailer) ਕੋਰਸ ਵਾਸਤੇ ਭੁਗਤਾਨ ਜਮ੍ਹਾਂ ਕਰੋ ਅਤੇ ਅੱਗ ਤੋਂ ਸੁਰੱਖਿਆ ਜਾਂਚ ਲਈ ਅਰਜ਼ੀ ਦਿਓ
2. ਫਾਇਰਵਰਕਸ ਰਿਟੇਲਰ ਟ੍ਰੇਨਿੰਗ ਦਾ ਵੀਡੀਓ ਦੇਖੋ
3. ਫਾਇਰਵਰਕਸ ਰਿਟੇਲਰ ਪ੍ਰਸ਼ਨਾਵਲੀ ਪੂਰੀ ਕਰੋ
4. ਲਾਇਸੈਂਸ ਦੀ ਅਰਜ਼ੀ ਅਤੇ ਰਜਿਸਟਰੇਸ਼ਨ ਫੀਸ ਜਮ੍ਹਾਂ ਕਰੋ। ਵੇਰਵਿਆਂ ਲਈ licensing@brampton.ca ਤੇ ਸੰਪਰਕ ਕਰੋ।
5. ਸਿਟੀ ਹਾਲ (City Hall) ਤੋਂ ਖੁਦ ਜਾ ਕੇ, 2020 ਫਾਇਰਵਰਕਸ ਰਿਟੇਲਰ ਲਾਇਸੈਂਸ ਪ੍ਰਾਪਤ ਕਰੋ। ਸਿਟੀ ਹਾਲ ਜਾਣ ਤੋਂ ਪਹਿਲਾਂ ਮੁਲਾਕਾਤ ਬੁੱਕ ਕਰਨਾ ਲਾਜ਼ਮੀ ਹੈ।

ਪਟਾਕਾ ਵਿਕਰੇਤਾ ਟ੍ਰੇਨਿੰਗ ਕੋਰਸ ਵਿੱਚ, ਵਿਕਰੀ ਲਈ ਇਜਾਜ਼ਤ ਦਿੱਤੇ ਪਟਾਕਿਆਂ ਦੇ ਪ੍ਰਕਾਰ, ਉਹਨਾਂ ਨੂੰ ਸਟੋਰ ਕਰਨ, ਡਿਸਪਲੇ ਵਿੱਚ ਲਗਾਉਣ ਅਤੇ ਵੇਚਣ ਲਈ ਨਿਯਮ, ਖਰੀਦਦਾਰਾਂ ਨੂੰ ਪਟਾਕੇ ਵੇਚਣ ਵਾਸਤੇ ਗਾਹਕ ਆਈ.ਡੀ. (ID) ਸ਼ਰਤਾਂ ਅਤੇ ਸੁਰੱਖਿਆ ਸਬੰਧੀ ਗਾਈਡਲਾਈਨਾਂ ਸ਼ਾਮਲ ਹਨ।

ਜਿਹੜੇ ਵਿਕਰੇਤਾਵਾਂ ਨੇ ਇੱਕ ਤੋਂ ਵੱਧ ਥਾਵਾਂ ਤੇ ਪਟਾਕੇ ਵੇਚਣੇ ਹੋਣ, ਉਹਨਾਂ ਲਈ ਜ਼ਰੂਰੀ ਹੈ ਕਿ ਹਰੇਕ ਥਾਂ ਦਾ ਘੱਟੋ-ਘੱਟ ਇੱਕ ਸੰਚਾਲਕ ਕੋਰਸ ਪੂਰਾ ਕਰੇ। ਵਿਕਰੇਤਾਵਾਂ ਲਈ ਇਹ ਵੀ ਧਿਆਨ ਵਿੱਚ ਰੱਖਣਾ ਲਾਜ਼ਮੀ ਹੈ ਕਿ ਅੱਗ ਤੋਂ ਸੁਰੱਖਿਆ ਜਾਂਚ ਵਾਸਤੇ ਅਰਜ਼ੀ ਦੇਣ ਦੀ ਆਖ਼ਰੀ ਤਾਰੀਖ, ਸ਼ੁੱਕਰਵਾਰ, 23 ਅਕਤੂਬਰ, 2020, ਦੁਪਹਿਰ ਤੱਕ ਹੈ।

ਸਿਟੀ ਆਫ ਬ੍ਰੈਂਪਟਨ ਦਾ ਫਾਇਰਵਰਕਸ ਬਾਇ-ਲਾੱ (Fireworks By-law), ਸਾਲ ਵਿੱਚ ਚਾਰ ਵਾਰ – ਵਿਕਟੋਰੀਆ ਡੇ (Victoria Day), ਕੈਨੇਡਾ ਡੇ (Canada Day), ਦੀਵਾਲੀ ਅਤੇ ਨਵੇਂ ਸਾਲ ਨੂੰ ਹੀ, ਸਿਰਫ਼ ਛੋਟੀ-ਰੇਂਜ ਦੇ ਪਟਾਕਿਆਂ (ਜਿਹੜੇ ਚਲਾਏ ਜਾਣ ਤੇ 3 ਮੀਟਰ ਜਾਂ 10 ਫੁੱਟ ਤੋਂ ਘੱਟ ਦੂਰ ਜਾਂਦੇ ਹਨ) ਦੀ ਵਿਕਰੀ ਅਤੇ ਨਿੱਜੀ ਵਰਤੋਂ ਦੀ ਇਜਾਜ਼ਤ ਦਿੰਦਾ ਹੈ।

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਊਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca